# ਪਤਨੀ ਨਾਲ ਦੁਰਵਿਵਹਾਰ

# WIFE ABUSE

**(PUNJABI)**

**Translated by:**
**Vancouver & Lower Mainland**
**Multicultural Family Support Services**
**5000 Kingsway Plaza - Phase 111**
**306 - 4980 Kingsway**
**Burnaby, B.C. V5H 4K7**
**July 1992**

**Translated from:**
**The Westcoast Reader**
**Special Supplement**
**November 1991**

**WIFE ABUSE IS A CRIME.** This booklet contains information about wife abuse and what you can do. In the translation of this booklet, we have used a form of standarized Punjabi to reach an average language level within this community.

ਪਤਨੀ ਨਾਲ ਦੁਰਵਿਵਹਾਰ ਕਰਨਾ ਇਕ ਜੁਰਮ (ਅਪਰਾਧ) ਹੈ। ਇਸ ਕਿਤਾਬਚੇ ਵਿਚ ਪਤਨੀਆਂ ਨਾਲ ਹੁੰਦੇ ਦੁਰਵਿਵਹਾਰ ਬਾਰੇ ਅਤੇ ਇਸ ਸੰਬੰਧ ਵਿਚ ਤੁਸੀਂ ਕੀ ਕੁਝ ਕਰ ਸਕਦੇ ਹੋ, ਬਾਰੇ ਜਾਣਕਾਰੀ ਦਰਜ ਹੈ। ਉਲਥਾ ਕਰਨ ਸਮੇਂ ਅਸੀਂ ਪ੍ਰਮਾਣਿਕ ਪੰਜਾਬੀ ਦੀ ਵਰਤੋਂ ਕੀਤੀ ਹੈ। ਅਸੀਂ ਇੱਛਾ ਕਰਦੇ ਹਾਂ ਕਿ ਇਸ ਭਾਸ਼ਾ ਨੂੰ ਵੱਖ-ਵੱਖ ਪੱਧਰ ਦੀ ਪੰਜਾਬੀ ਭਾਸ਼ਾ ਦੀ ਯੋਗਤਾ ਵਾਲੇ ਵਿਅਕਤੀ ਭਲੀ-ਭਾਂਤ ਸਮਝ ਸਕਦੇ ਹਨ।


**ਵੈਨਕੂਵਰ ਅਤੇ ਲੋਅਰ ਮੇਨਲੈਂਡ**
**ਮਲਟੀਕਲਚਰਲ ਫੈਮਲੀ ਸਪੋਰਟ ਸਰਵਿਸਿਜ਼ ਸੁਸਾਇਟੀ**
**5000 ਕਿੰਗਜ਼ਵੇ ਪਲਾਜ਼ਾ - ਫੇਜ਼ 111**
**#306 - 4980 ਕਿੰਗਜ਼ਵੇ**
**ਬਰਨਬੀ, ਬੀ.ਸੀ. V5H 4K7**
**ਫੋਨ: 436-1025 ਫੈਕਸ: 436-3267**


ਵੈਨਕੂਵਰ ਅਤੇ ਲੋਅਰ ਮੇਨਲੈਂਡ ਮਲਟੀਕਲਚਰਲ ਫੈਮਲੀ ਸਪੋਰਟ ਸਰਵਿਸਿਜ਼ ਸੁਸਾਇਟੀ ਇਕ ਗ਼ੈਰ-ਮੁਨਾਫ਼ਾ ਅਦਾਰਾ ਹੈ ਜਿਸ ਨੂੰ ਚਲਾਉਣ ਲਈ ਖਰਚ (Ministry of Social Services) ਮਨਿਸਟਰੀ ਆਫ ਸੋਸ਼ਲ ਸਰਵਿਸਿਜ਼ ਵਲੋਂ ਦਿੱਤਾ ਜਾਂਦਾ ਹੈ। ਇਸ ਸੰਸਥਾ ਦਾ ਉਦੇਸ਼ ਹੈ ਕਿ ਘਰੇਲੂ ਹਿੰਸਾ ਦੀਆਂ ਸ਼ਿਕਾਰ ਹੋਈਆਂ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਸੱਭਿਆਚਾਰ ਅਨੁਸਾਰ ਸੇਵਾਵਾਂ ਪ੍ਰਦਾਨ ਕਰਨਾ ਹੈ। ਇਹ ਸੇਵਾਵਾਂ ਹਿੰਦੀ, ਪੰਜਾਬੀ, ਗੁਜਰਾਤੀ, ਵੀਅਤਨਾਮੀ, ਸਪੈਨਿਸ਼, ਫਾਰਸੀ, ਚੀਨੀ ਅਤੇ ਕਈ ਹੋਰ ਭਾਸ਼ਾਵਾਂ ਵਿਚ ਵੱਖੋ-ਵੱਖਰੀਆਂ ਘੱਟ-ਗਿਣਤੀ ਸੱਭਿਆਤਾਵਾਂ ਸੰਬੰਧਤ ਦੋ-ਭਾਸ਼ਾਈ ਅਤੇ ਦੋ-ਸੱਭਿਆਤਾਵਾਂ ਤੋਂ ਜਾਣੂ ਕਰਮਚਾਰੀ ਪ੍ਰਦਾਨ ਕਰਦੇ ਹਨ।

**ਵੈਨਕੂਵਰ ਅਤੇ ਲੋਅਰ ਮੇਨਲੈਂਡ ਮਲਟੀਕਲਚਰਲ ਫੈਮਲੀ ਸਪੋਰਟ ਸਰਵਿਸਿਜ਼ ਸੁਸਾਇਟੀ ਦਾ ਉਦੇਸ਼ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਨਾ ਹੈ:**

1. ਪਰਿਵਾਰ ਹਿੰਸਾ ਦਾ ਸ਼ਿਕਾਰ ਹੋਈਆਂ ਇਸਤਰੀਆਂ ਨੂੰ ਟਰਾਂਜ਼ਿਸ਼ਨ ਹਾਊਸ (ਸਰਕਾਰ ਵਲੋਂ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਰਹਿਣ ਲਈ ਸੁਰੱਖਿਅਤ ਘਰ) ਵਿਖੇ ਪ੍ਰਵੇਸ਼ ਤੋਂ ਪਹਿਲਾਂ, ਉਥੇ ਰਹਿੰਦਿਆਂ ਅਤੇ ਉੱਥੇ ਰਹਿ ਚੁੱਕਣ ਮਗਰੋਂ ਵਿਅਕਤੀਗਤ ਜਾਂ ਸਮੂਹਿਕ ਰੂਪ ਵਿਚ ਸਲਾਹ-ਮਸ਼ਵਰਾ ਅਤੇ ਸਹਾਇਤਾ ਦੇਣੀ।
2. ਘਰੇਲੂ ਹਿੰਸਾ ਦਾ ਸ਼ਿਕਾਰ ਹੋਈਆਂ ਇਸਤਰੀਆਂ ਨੂੰ ਸਮਾਜਕ ਅਤੇ ਕਾਨੂੰਨੀ ਪ੍ਰਬੰਧਾਂ ਅਨੁਸਾਰ ਮਾਮਲੇ ਨਜਿੱਠਣ ਵਿਚ ਸਹਾਇਤਾ ਦੇਣੀ।
3. ਬਹੁ-ਸੱਭਿਅਕ ਭਾਈਚਾਰਿਆਂ ਦੇ ਅਨੁਸਾਰ ਘਰੇਲੂ ਹਿੰਸਾ ਦੇ ਵਾਪਰਨ ਅਤੇ ਇਸ ਨੂੰ ਸੁਲਝਾਉਣ ਲਈ ਵੱਖ-ਵੱਖ ਪ੍ਰਕਾਰ ਦੇ ਇਲਾਜ ਬਾਰੇ ਸਿੱਖਿਆ ਪ੍ਰੋਗਰਾਮਾਂ ਦਾ ਪ੍ਰਬੰਧ ਕਰਨਾ।
4. ਪਰਿਵਾਰਕ ਹਿੰਸਾ ਦੇ ਮਾਮਲਿਆਂ ਵਿਚ ਬਹੁ-ਸੱਭਿਅਕ ਇਸਤਰੀਆਂ ਨਾਲ ਕੰਮ ਕਰ ਰਹੇ ਮਾਹਿਰ ਕਰਮਚਾਰੀਆਂ ਲਈ ਸਲਾਹ-ਮਸ਼ਵਰੇ ਅਤੇ ਸਿਖਲਾਈ ਦੇ ਪ੍ਰੋਗਰਾਮਾਂ ਦਾ ਪ੍ਰਬੰਧ ਕਰਨਾ।

**ਸਾਰੇ ਮਾਮਲੇ ਪੂਰਨ ਰੂਪ ਵਿਚ ਗੁਪਤ ਰੱਖੇ ਜਾਂਦੇ ਹਨ।**


**A special appreciation to individuals who helped in reviewing and proofreading the translation of this booklet.**

**Funding for the translation from Westcoast Reader supplement was provided by Legal Services Society of B.C.**

**Special thanks to:**
**Joan Acosta Editor, Westcoast Reader**
**Carol McEown - Legal Services Society of B.C.**
**Penny Goldsmith - Legal Services Society of B.C.**

# ਘਰ ਇਕ ਖਤਰਨਾਕ ਸਥਾਨ ਬਣ ਸਕਦਾ ਹੈ



ਇਹ ਚਿੱਤਰ ਇਕ ਟੀ.ਵੀ. ਨਾਟਕ ਵਿਚੋਂ ਲਿਆ ਗਿਆ ਹੈ। ਇਹ ਦੋਵੇਂ ਐਕਟਰ ਹਨ।

ਇਸ ਚਿੱਤਰ ਵਿਚ ਪਤੀ ਆਪਣੀ ਪਤਨੀ ਦਾ ਗਲਾ ਘੁੱਟ ਰਿਹਾ ਹੈ।

ਕੀ ਇਹ ਨਿੱਜੀ ਪਰਿਵਾਰਕ ਮਾਮਲਾ ਹੈ?

ਨਹੀਂ।

**ਕਨੇਡਾ ਵਿਚ ਪਤਨੀ 'ਤੇ ਹਮਲਾ ਕਰਨਾ ਇਕ ਜੁਰਮ ਹੈ**

ਅਸਲ ਵਿਚ ਪੁਲਿਸ ਆਦਮੀ ਨੂੰ ਗ੍ਰਿਫਤਾਰ ਕਰ ਸਕਦੀ ਹੈ। ਉਸ ਨੂੰ ਜੁਰਮਾਨਾ ਹੋ ਸਕਦਾ ਹੈ ਜਾਂ ਜੇਲ੍ਹ ਵੀ ਹੋ ਸਕਦੀ ਹੈ।

# ਦੁਰਵਿਵਹਾਰ ਦੀਆਂ ਵੱਖ-ਵੱਖ ਕਿਸਮਾਂ

ਪਤੀ ਕਈ ਤਰੀਕਿਆਂ ਨਾਲ ਆਪਣੀ ਪਤਨੀ ਨਾਲ ਦੁਰਵਿਵਹਾਰ ਕਰ ਸਕਦਾ ਹੈ।
ਕੁਝ ਉਦਾਹਰਣਾਂ ਇਸ ਪ੍ਰਕਾਰ ਹਨ:

### ਸਰੀਰਕ ਦੁਰਵਿਵਹਾਰ

- ਪਤੀ ਦਾ ਆਪਣੀ ਪਤਨੀ ਨੂੰ ਥੱਪੜ ਜਾਂ ਮੁੱਕਾ ਮਾਰਨਾ।
- ਉਸ ਨੂੰ ਥੱਲੇ ਸੁੱਟਣਾ ਜਾਂ ਠੁੱਡਾ ਮਾਰਨਾ।
- ਉਸ ਉੱਪਰ ਚੀਜ਼ਾਂ ਸੁੱਟਣਾ।





### ਆਰਥਿਕ ਦੁਰਵਿਵਹਾਰ

- ਪਤੀ ਆਪਣੀ ਪਤਨੀ ਨੂੰ ਘਰ ਤੋਂ ਬਾਹਰ ਕੰਮ ਨਾ ਕਰਨ ਦੇਵੇ।
- ਉਹ ਉਸ ਨੂੰ ਖਰਚਣ ਲਈ ਪੈਸੇ ਨਾ ਦੇਵੇ।
- ਉਹ ਉਸ ਦੀ ਕੰਮ ਤੋਂ ਮਿਲੀ ਚੈੱਕ ਖੋਹ ਲਵੇ।

### ਭਵਾਤਮਕ ਦੁਰਵਿਵਹਾਰ

- ਪਤੀ ਬੱਚਿਆਂ ਨੂੰ ਪਤਨੀ ਤੋਂ ਦੂਰ ਲੈ ਕੇ ਜਾਣ ਦੀ ਧਮਕੀ ਦੇਵੇ।
- ਪਤੀ ਦਾ ਪਤਨੀ ਨੂੰ ਉਸ ਦੇ ਰਿਸ਼ਤੇਦਾਰਾਂ ਜਾਂ ਸਹੇਲੀਆਂ ਨੂੰ ਮਿਲਣ 'ਤੇ ਰੋਕ ਲਾਉਣਾ।
- ਪਤੀ ਆਪਣੀ ਪਤਨੀ ਨੂੰ ਧਮਕੀ ਦੇਵੇ ਕਿ ਜੇਕਰ ਉਹ ਉਸ ਨੂੰ ਛੱਡ ਕੇ ਗਈ ਤਾਂ ਉਹ ਉਸ ਨੂੰ ਜਾਨੋਂ ਮਾਰ ਦੇਵੇਗਾ।





### ਲਿੰਗਕ ਦੁਰਵਿਵਹਾਰ

- ਪਤੀ ਦਾ ਪਤਨੀ ਨੂੰ ਭੋਗ-ਵਿਲਾਸ (ਸੈਕਸ) ਕਰਨ ਲਈ ਮਜਬੂਰ ਕਰਨਾ।
- ਪਤੀ ਦਾ ਪਤਨੀ ਨੂੰ ਅਜਿਹੀਆਂ ਲਿੰਗੀ ਕ੍ਰਿਆਵਾਂ ਕਰਨ ਲਈ ਮਜਬੂਰ ਕਰਨਾ ਜਿਹੜੀਆਂ ਉਸ ਨੂੰ ਨਾ ਭਾਉਂਦੀਆਂ ਹੋਣ।



## ਪਤਨੀ ਨਾਲ ਦੁਰਵਿਵਹਾਰ ਆਮ ਜਿਹੀ ਗੱਲ ਹੈ

ਕਨੇਡਾ ਅਤੇ ਕੁਝ ਹੋਰ ਦੇਸ਼ਾਂ ਵਿਚ ਪਤਨੀ ਨਾਲ ਦੁਰਵਿਵਹਾਰ ਇਕ ਆਮ ਵਾਪਰਨ ਵਾਲੀ ਗੱਲ ਹੈ। ਇਹ ਕੋਈ ਨਵੀਂ ਸਮੱਸਿਆ ਨਹੀਂ ਹੈ। ਪਤੀ ਸੈਂਕੜਿਆਂ ਸਾਲਾਂ ਤੋਂ ਪਤਨੀਆਂ ਨਾਲ ਦੁਰਵਿਵਹਾਰ ਕਰਦੇ ਆਏ ਹਨ।

ਦੁਰਵਿਵਹਾਰ ਦੀਆਂ ਸ਼ਿਕਾਰ ਪਤਨੀਆਂ ਅਤੇ ਉਨ੍ਹਾਂ ਦੇ ਪਤੀ ਹਰ ਭਾਈਚਾਰੇ ਵਿਚ ਮਿਲਦੇ ਹਨ। ਉਹ ਗਰੀਬ, ਅਮੀਰ, ਜੁਆਨ, ਸਿਆਣੇ ਜਾਂ ਕਿਸੇ ਵੀ ਕੰਮ ਨਾਲਾ ਸੰਬੰਧਤ ਹੋ ਸਕਦੇ ਹਨ ਉਹ ਕਾਫੀ ਪੜ੍ਹੇ-ਲਿਖੇ ਜਾਂ ਘੱਟ ਪੜ੍ਹੇ-ਲਿਖੇ ਵੀ ਹੋ ਸਕਦੇ ਹਨ।

ਸਾਲਾਂ ਬੱਧੀ ਲੋਕਾਂ ਨੇ ਪਤਨੀਆਂ ਨਾਲ ਹੁੰਦੇ ਦੁਰਵਿਵਹਾਰ ਬਾਰੇ ਚੁੱਪ ਸਾਧ ਰੱਖੀ। ਕਿਹਾ ਜਾਂਦਾ ਹੈ ਕਿ ਇਹ ਇਕ ਨਿੱਜੀ ਮਾਮਲਾ ਹੈ। ਹੁਣ ਇਹ ਸਭ ਕੁਝ ਬਦਲ ਰਿਹਾ ਹੈ। ਹੁਣ ਲੋਕਾਂ ਨੇ ਇਸ ਸਮੱਸਿਆ ਬਾਰੇ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ ਹੈ। ਹੁਣ ਲੋਕੀ ਕਹਿ ਰਹੇ ਹਨ ਕਿ ਪਤੀ ਦੁਆਰਾ ਪਤਨੀ ਨਾਲ ਦੁਰਵਿਵਹਾਰ ਕਰਨਾ ਬਿਲਕੁਲ ਗ਼ਲਤ ਹੈ।

ਦੁਰਵਿਵਹਾਰ ਦੀਆਂ ਸ਼ਿਕਾਰ ਹੋਈਆਂ ਇਸਤਰੀਆਂ ਨੂੰ ਹੁਣ ਪਹਿਲਾਂ ਨਾਲੋਂ ਜ਼ਿਆਦਾ ਸਹਾਇਤਾ ਮਿਲਦੀ ਹੈ। ਹੁਣ ਪੁਲਿਸ, ਸਰਕਾਰ ਅਤੇ ਇਸਤਰੀ-ਸੰਸਥਾਵਾਂ ਰਲ ਕੇ ਕੰਮ ਕਰ ਰਹੇ ਹਨ।

## ਨੋਟ

ਇਸ ਵਿਸ਼ੇਸ਼ ਅੰਕ ਵਿਚ ਅਸੀਂ 'ਪਤਨੀ' ਅੱਖਰ ਦੀ ਵਰਤੋਂ ਕੀਤੀ ਹੈ। ਪਰ ਅਸੀਂ ਕੇਵਲ ਵਿਆਹੀਆਂ ਹੋਈਆਂ ਔਰਤਾਂ ਦਾ ਹੀ ਜ਼ਿਕਰ ਨਹੀਂ ਕਰਦੇ। ਉਦਾਹਰਣ ਵਜੋਂ ਇਸਤਰੀ ਹੇਠ ਲਿਖੀਆਂ ਵਿਚੋਂ ਵੀ ਹੋ ਸਕਦੀ ਹੈ:

- ਕਾਨੂੰਨੀ ਪਤਨੀ
- ਸਹੇਲੀ
- ਕੌਮਨ-ਲਾਅ (ਰਿਵਾਜੀ) ਪਤਨੀ
- ਐਕਸ ਫਰੈਂਡ
- ਐਕਸ ਵਾਈਫ਼
- ਸਾਥੀ (ਪਾਰਟਨਰ)

ਇਸੇ ਤਰ੍ਹਾਂ ਅਸੀਂ 'ਪਤੀ' ਸ਼ਬਦ ਵੀ ਵਰਤਿਆ ਹੈ, ਪਰ ਅਸੀਂ ਹੋਰਨਾਂ ਮਰਦਾਂ ਬਾਰੇ ਵੀ ਗੱਲ ਕਰਦੇ ਹਾਂ ਜਿਸ ਤਰ੍ਹਾਂ ਕਿ:

- ਕਾਨੂੰਨੀ ਪਤੀ
- ਦੋਸਤ
- ਕੌਮਨ-ਲਾਅ (ਰਿਵਾਜੀ) ਪਤੀ
- ਐਕਸ ਫਰੈਂਡ
- ਐਕਸ ਹੱਸਬੈਂਡ
- ਸਾਥੀ (ਪਾਰਟਨਰ)

## ਪਤਨੀ ਨਾਲ ਦੁਰਵਿਵਹਾਰ ਇਕ ਚੱਕਰ ਵਾਂਗ ਹੈ

ਪਤਨੀ ਨਾਲ ਦੁਰਵਿਵਹਾਰ ਅਕਸਰ ਇਕ ਚੱਕਰ ਵਾਂਗ ਹੁੰਦਾ ਹੈ। ਇਸ ਚੱਕਰ ਦੇ ਆਮ ਕਰਕੇ ਤਿੰਨ ਭਾਗ ਹੁੰਦੇ ਹਨ:

**ਪਹਿਲਾ ਭਾਗ**

ਪਤੀ ਗੁੱਸੇ ਹੁੰਦਾ ਹੈ ਤੇ ਅਸਹਿਨਸ਼ੀਲ ਬਣ ਜਾਂਦਾ ਹੈ। ਉਹ ਆਪਣੀ ਪਤਨੀ 'ਤੇ ਉੱਚੀ ਅਤੇ ਜ਼ੋਰਾਵਾਰ ਆਵਾਜ਼ ਵਿਚ ਬੋਲਣਾ ਸ਼ੁਰੂ ਕਰ ਦਿੰਦਾ ਹੈ। ਪਤਨੀ ਉਸ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਜੋ ਉਹ ਉਸ ਨੂੰ ਨਾ ਕੁੱਟੇ। ਪਹਿਲਾ ਭਾਗ ਕਈ ਦਿਨ, ਹਫਤੇ ਜਾਂ ਮਹੀਨੇ ਤੱਕ ਚਲਦਾ ਰਹਿ ਸਕਦਾ ਹੈ।

**ਦੂਸਰਾ ਭਾਗ**

ਪਤੀ ਬਹੁਤ ਹਿੰਸਕ ਬਣ ਜਾਂਦਾ ਹੈ। ਉਹ ਆਪਣੀ ਪਤਨੀ ਦੀ ਮਾਰ-ਕੁਟਾਈ ਕਰਦਾ ਹੈ। ਮਾਰ ਖਾ ਕੇ ਵੀ ਅਕਸਰ ਪਤਨੀ ਬਾਹਰੋਂ ਮਦਦ ਲੈਣ ਤੋਂ ਡਰਦੀ ਹੈ। ਉਹ ਉਦਾਸ ਅਤੇ ਬੇਸਹਾਰਾ ਮਹਿਸੂਸ ਕਰਦੀ ਹੈ।

**ਤੀਸਰਾ ਭਾਗ**

ਪਤੀ ਆਪਣੀ ਹਰਕਤ 'ਤੇ ਸ਼ਰਮਿੰਦਾ ਹੁੰਦਾ ਹੈ। ਉਹ ਪਤਨੀ ਤੋਂ ਮਾਫ਼ੀ ਮੰਗਦਾ ਹੈ। ਕਈ ਵਾਰੀ ਪਤਨੀ ਮਾਫ਼ ਕਰ ਦਿੰਦੀ ਹੈ।




## ਸੂਸਨ ਦੀ ਕਹਾਣੀ

ਸੂਸਨ 20 ਵਰ੍ਹਿਆਂ ਦੀ ਸੀ ਜਦੋਂ ਉਸ ਨੇ ਫਰੈਂਕ ਨਾਲ ਵਿਆਹ ਕਰਾਇਆ। ਵਿਆਹ ਤੋਂ ਬਾਅਦ ਛੇਤੀ ਹੀ ਉਸ ਨੇ ਸੂਸਨ ਨੂੰ ਮਾਰਨਾ-ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਉਸ ਦੇ ਨਾਲ ਸੱਤ ਸਾਲ ਰਹੀ। ਉਹ ਸੋਚਦੀ ਸੀ ਕਿ ਉਹ ਬਦਲ ਜਾਏਗਾ, ਪਰ ਮਾਰ-ਕੁਟਾਈ ਵਧਦੀ ਹੀ ਗਈ। ਹਾਰ ਕੇ ਸੂਸਨ ਨੇ ਫਰੈਂਕ ਨੂੰ ਛੱਡ ਦਿੱਤਾ। ਇਹ ਹੈ ਸੂਸਨ ਦੀ ਕਹਾਣੀ।



*ਹਮੇਸ਼ਾ ਹੀ ਇਸੇ ਤਰ੍ਹਾਂ ਹੁੰਦਾ ਰਿਹਾ। ਮਾਰ-ਕੁਟਾਈ ਤੋਂ ਕੁਝ ਦਿਨ ਪਹਿਲਾਂ ਫਰੈਂਕ ਕੁਝ ਪ੍ਰੇਸ਼ਾਨ ਅਤੇ ਖਿਝਿਆ ਹੋਇਆ ਦਿਖਾਈ ਦਿੰਦਾ ਸੀ। ਮੈਂ ਚੰਗੀ ਬਣਨ ਦੀ ਕੋਸ਼ਿਸ਼ ਕਰਦੀ ਸੀ। ਹਮੇਸ਼ਾ ਮਨ ਵਿਚ ਡਰ ਹੁੰਦਾ ਸੀ ਕਿ ਕਿਤੇ ਮੈਂ ਨਾ ਉਸ ਦੇ ਗੁੱਸੇ ਦਾ ਕਾਰਨ ਬਣ ਜਾਵਾਂ।*

ਫਿਰ ਅਚਾਨਕ ਨਿੱਕੀ ਜਿਹੀ ਗੱਲ ਤੋਂ ਉਸ ਨੇ ਭੜਕ ਉੱਠਣਾ। ਪਤਾ ਨਹੀਂ ਸ਼ਾਇਦ ਮੇਰੇ ਪਾਏ ਕੱਪੜੇ ਉਸ ਨੂੰ ਚੰਗੇ ਨਹੀਂ ਲੱਗੇ ਜਾਂ ਸ਼ਾਇਦ ਉਸ ਨੂੰ ਮੇਰਾ ਫੋਨ 'ਤੇ ਆਪਣੀ ਭੈਣ ਨਾਲ ਗੱਲਾਂ ਕਰਨਾ ਚੰਗਾ ਨਹੀਂ ਲੱਗਾ। ਉਹ ਮੈਨੂੰ ਉੱਚੀ ਆਵਾਜ਼ ਵਿਚ ਬੋਲਦਾ ਤੇ ਫਿਰ ਜ਼ੋਰਦਾਰ ਥੱਪੜ ਜੜ ਦਿੰਦਾ।



ਅਗਲੇ ਹੀ ਦਿਨ ਉਹ ਬੁਰਾ ਮਹਿਸੂਸ ਕਰਦਾ। ਉਹ ਮੈਨੂੰ ਤੋਹਫ਼ੇ ਦਿੰਦਾ ਤੇ ਕਹਿੰਦਾ ਕਿ 'ਮੈਂ ਤੈਨੂੰ ਪਿਆਰ ਕਰਦਾ ਹਾਂ।' ਮੈਂ ਆਪਣੇ ਮਨ ਵਿਚ ਸੋਚਦੀ ਕਿ 'ਮੈਂ ਕਿਸ ਤਰ੍ਹਾਂ ਚੰਗੇਰੀ ਪਤਨੀ ਬਣ ਸਕਦੀ ਹਾਂ?'

ਮਾਰ-ਕੁਟਾਈ ਵਧਦੀ ਗਈ। ਇਕ ਰਾਤ ਫਰੈਂਕ ਨੇ ਮੈਨੂੰ ਇੰਨੀ ਬੁਰੀ ਤਰ੍ਹਾਂ ਕੁੱਟਿਆ ਕਿ ਮੇਰਾ ਨੱਕ ਤੋੜ ਦਿੱਤਾ। ਮੈਂ ਹਾਰ ਕੇ ਘਰ ਛੱਡ ਦਿੱਤਾ। ਮੈਨੂੰ ਡਰ ਸੀ ਕਿ ਉਸ ਨੇ ਮੈਨੂੰ ਜਾਨੋਂ ਮਾਰ ਦੇਣਾ ਹੈ।

# ਦੁਰਵਿਵਹਾਰ ਹੁੰਦੇ ਹੋਏ ਵੀ ਔਰਤ ਆਪਣੇ ਪਤੀ ਨਾਲ ਕਿਉਂ ਰਹੀ ਜਾਂਦੀ ਹੈ?

ਦੁਰਵਿਵਹਾਰ ਦਾ ਸ਼ਿਕਾਰ ਹੋਈਆਂ ਕੁਝ ਔਰਤਾਂ ਇਕ ਵਾਰ ਮਾਰ-ਕੁਟਾਈ ਪਿੱਛੋਂ ਹੀ ਆਪਣੇ ਪਤੀ ਨੂੰ ਛੱਡ ਦਿੰਦੀਆਂ ਹਨ। ਕੁਝ ਔਰਤਾਂ ਕਦੀ ਵੀ ਨਹੀਂ ਛੱਡਦੀਆਂ। ਕੁਝ ਆਪਣੇ ਪਤੀਆਂ ਨੂੰ ਕਈ ਵਾਰ ਛੱਡਦੀਆਂ ਹਨ।

**ਕੀ ਕਾਰਨ ਹੈ, ਕੀ ਦੁਰਵਿਵਹਾਰ ਹੁੰਦਿਆਂ ਵੀ ਕਈ ਔਰਤਾਂ ਆਪਣੇ ਪਤੀ ਨੂੰ ਨਹੀਂ ਛੱਡਦੀਆਂ?**
**ਇਸ ਦੇ ਕੁਝ ਕਾਰਨ ਇਸ ਤਰ੍ਹਾਂ ਹਨ:**



## ਰੋਜ਼ਾ ਘਰ ਨਾ ਛੱਡਣ ਲਈ ਵਾਧੂ ਮਾਨਸਿਕ ਦਬਾਅ ਮਹਿਸੂਸ ਕਰਦੀ ਹੈ

ਰੋਜ਼ਾ ਇਕ ਆਵਾਸੀ (ਇਮੀਗਰਾਂਟ) ਔਰਤ ਹੈ। ਉਸ ਦਾ ਪਤੀ ਉਸ ਨਾਲ ਦੁਰਵਿਵਹਾਰ ਕਰਦਾ ਹੈ। ਉਹ ਉਸ ਦੇ ਨਾਲ ਰਹਿਣ ਲਈ ਵਾਧੂ ਦਬਾਅ ਮਹਿਸੂਸ ਕਰਦੀ ਹੈ




ਰੋਜ਼ਾ ਦੇ ਮਨ ਵਿਚ ਉਸ ਦੇ ਕੈਨੇਡਾ ਵਿਚਲੇ ਅਧਿਕਾਰਾਂ ਬਾਰੇ ਅਨੇਕਾਂ ਪ੍ਰਸ਼ਨ ਹਨ। ਉਹ ਕੀ ਕਰ ਸਕਦੀ ਹੈ? ਉਹ ਕਿਸੇ ਵਕੀਲ ਜਾਂ ਇਮੀਗਰਾਂਟ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੀ ਸੰਸਥਾ ਦੇ ਦਫ਼ਤਰ ਵਿਚ ਕਿਸੇ ਨਾਲ ਸਲਾਹ-ਮਸ਼ਵਰਾ ਕਰ ਸਕਦੀ ਹੈ।

## ਜੇਕਰ ਤੁਹਾਡਾ ਪਤੀ ਤੁਹਾਡੇ ਨਾਲ ਦੁਰਵਿਵਹਾਰ ਕਰਦਾ ਹੈ ਤਾਂ ਯਾਦ ਰੱਖੋ:

- ਇਸ ਵਿਚ ਤੁਹਾਡਾ ਕੋਈ ਕਸੂਰ ਨਹੀਂ ਹੈ।
- ਕੋਈ ਵੀ ਇਨਸਾਨ ਕਦੇ ਵੀ ਮਾਰ-ਕੁਟਾਈ ਦਾ ਪਾਤਰ ਨਹੀਂ ਹੁੰਦਾ।
- ਦੁਰਵਿਵਹਾਰ ਆਪਣੇ ਆਪ ਖਤਮ ਨਹੀਂ ਹੁੰਦਾ, ਸਗੋਂ ਹਮੇਸ਼ਾ ਵਧਦਾ ਰਹਿੰਦਾ ਹੈ।
- ਤੁਹਾਨੂੰ ਮਦਦ ਮਿਲ ਸਕਦੀ ਹੈ।

## ਪਤਨੀ 'ਤੇ ਹਮਲਾ ਕਰਨਾ ਇਕ ਜੁਰਮ ਹੈ

ਜਦੋਂ ਇਕ ਮਰਦ ਕਿਸੇ ਇਸਤਰੀ ਨੂੰ ਮਾਰਦਾ ਕੁੱਟਦਾ ਹੈ ਤਾਂ ਇਸ ਨੂੰ ਹਮਲਾ ਕਰਨਾ ਕਹਿੰਦੇ ਹਨ। ਹਮਲਾ ਕਰਨਾ ਜੁਰਮ ਹੈ। ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਮਰਦ ਅਤੇ ਇਸਤਰੀ ਵਿਆਹੇ ਹੋਏ ਹਨ ਜਾਂ ਨਹੀਂ।

ਪੁਲਿਸ ਇਸ ਆਦਮੀ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ। ਉਸ ਨੂੰ ਅਦਾਲਤ ਜਾਣਾ ਪੈ ਸਕਦਾ ਹੈ। ਔਰਤ ਨੂੰ ਸ਼ਾਇਦ ਅਦਾਲਤ ਵਿਚ ਗਵਾਹੀ ਦੇਣੀ ਪਏ। ਇਸ ਦਾ ਅਰਥ ਹੈ ਕਿ ਇਸ ਇਸਤਰੀ ਨੂੰ ਜੱਜ ਨੂੰ ਦੱਸਣਾ ਪਵੇਗਾ ਕਿ ਉਸ ਮਰਦ ਨੇ ਉਸ ਨੂੰ ਕੀ ਕੁਝ ਕਿਹਾ ਤੇ ਕੀ ਕੁਝ ਕੀਤਾ

ਜੱਜ ਉਸ ਦੇ ਪਤੀ ਨੂੰ ਇਹ ਆਖ ਸਕਦਾ ਹੈ ਕਿ ਉਸ ਨੂੰ ਆਪਣੀ ਪਤਨੀ ਤੋਂ ਵੱਖਰੇ ਰਹਿਣਾ. ਪਵੇਗਾ ਜਾਂ ਪਤੀ ਨੂੰ ਜੁਰਮਾਨਾ ਦੇਣਾ ਪਵੇਗਾ ਜਾਂ ਜੇਲ੍ਹ ਜਾਣਾ ਪਵੇਗਾ।



ਰਣਜੀਤ ਕੂਨਰ ਅਤੇ ਉਸ ਦਾ ਵਕੀਲ

## ਅਦਾਲਤ 'ਚ ਮਾਮਲਾ ਲੈ ਜਾਣਾ ਹੋਰਨਾਂ ਇਸਤਰੀਆਂ ਲਈ ਸਹਾਇਕ ਹੋ ਸਕਦਾ ਹੈ

ਰਣਜੀਤ ਕੂਨਰ ਪਵਿੱਤਰ ਸਿੰਘ ਕੂਨਰ ਨਾਲ ਵਿਆਹ ਕਰਵਾਉਣ ਲਈ 1980 ਵਿਚ ਕਨੇਡਾ ਆਈ ਸੀ।

ਉਨ੍ਹਾਂ ਪੰਜਾਂ ਸਾਲਾਂ ਦੌਰਾਨ ਜਦੋਂ ਕਿ ਉਹ ਇਕੱਠੇ ਰਹੇ, ਪਵਿੱਤਰ ਉਸ ਨੂੰ ਅਕਸਰ ਮਾਰਦਾ-ਕੁੱਟਦਾ। ਫਿਰ ਉਹ ਵੱਖ-ਵੱਖ ਹੋ ਗਏ।

1986 ਵਿਚ ਪਵਿੱਤਰ ਆਪਣੇ ਲੜਕੇ ਨੂੰ ਦੇਖਣ ਲਈ ਰਣਜੀਤ ਦੇ ਘਰ ਆਇਆ। ਉਸ ਨੇ ਰਣਜੀਤ ਨੂੰ ਫੇਰ ਕੁੱਟਿਆ। ਉਹ ਬਹੁਤ ਬੁਰੀ ਤਰ੍ਹਾਂ ਜ਼ਖਮੀ ਹੋਈ ਤੇ ਉਸ ਦੇ ਘਰਦਿਆਂ ਨੇ ਪੁਲਿਸ ਬੁਲਾ ਲਈ।

ਪਵਿੱਤਰ ਨੂੰ ਅਦਾਲਤ ਜਾਣਾ ਪਿਆ। ਰਣਜੀਤ ਨੂੰ ਜੱਜ ਨੂੰ ਦੱਸਣਾ ਪਿਆ ਜੋ ਉਸ ਦੇ ਪਤੀ ਨੇ ਉਸ ਨਾਲ ਕੀਤਾ ਸੀ। ਜੱਜ ਨੇ ਪਵਿੱਤਰ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਨੂੰ 30 ਦਿਨਾਂ ਦੀ ਜੇਲ੍ਹ ਹੋ ਗਈ।

ਰਣਜੀਤ ਨੇ ਦੱਸਿਆ ਕਿ ਉਸ ਲਈ ਅਦਾਲਤ ਵਿਚ ਜਾਣਾ ਬਹੁਤ ਕਠਿਨ ਸੀ। ਪ੍ਰੰਤੂ ਉਸ ਨੂੰ ਅਜਿਹਾ ਕਰਨਾ ਪਿਆ। ਉਸ ਨੇ ਦੱਸਿਆ, "ਹੋਰ ਇਸਤਰੀਆਂ ਨੂੰ ਵੀ ਅਜਿਹੀ ਸਮੱਸਿਆ ਹੈ।" ਰਣਜੀਤ ਨੇ ਕਿਹਾ ਕਿ ਅਜਿਹੀਆਂ ਇਸਤਰੀਆਂ ਨੂੰ ਵੀ ਅਦਾਲਤ ਵਿਚ ਜਾਣ ਨਾਲ ਸਹਾਇਤਾ ਮਿਲ ਸਕਦੀ ਹੈ।

*'ਦੀ ਪ੍ਰੋਵਿੰਸ' ਵਿਚ ਛਪੀ ਖਬਰ 'ਤੇ ਆਧਾਰਿਤ*

# ਜੇਕਰ ਤੁਹਾਨੂੰ ਮਦਦ ਚਾਹੀਦੀ ਹੋਵੇ ਤਾਂ ਤੁਸੀਂ ਕੀ ਕਰ ਸਕਦੇ ਹੋ?

## ਕਰਾਈਸਿਸ (ਸੰਕਟ) ਲਾਈਨ 'ਤੇ ਫੋਨ ਕਰੋ

ਤੁਸੀਂ ਕਰਾਈਸਿਸ ਸੈਂਟਰ (ਸੰਕਟ ਕੇਂਦਰ) ਨੂੰ ਫੋਨ ਕਰ ਸਕਦੇ ਹੋ

ਫੋਨ ਨੰਬਰ ਲਈ ਤੁਸੀਂ ਚਿੱਟੇ ਪੰਨਿਆਂ ਵਾਲੀ ਡਾਇਰੈਕਟਰੀ ਦੇ ਪਹਿਲੇ ਪੰਨੇ 'ਤੇ ਦੇਖ ਸਕਦੇ ਹੋ। ਇਸ ਨੰਬਰ ਵਾਲੇ ਵਿਅਕਤੀ ਤੁਹਾਡੀ ਸਹਾਇਤਾ ਕਰਨ ਦਾ ਯਤਨ ਕਰਨਗੇ।

ਤੁਸੀਂ ਵਿਕਟਮ ਇਨਫਰਮੇਸ਼ਨ ਲਾਈਨ (ਅੱਤਿਆਚਾਰ ਦੇ ਸ਼ਿਕਾਰਾਂ ਲਈ ਸੂਚਨਾ ਦੀ ਲਾਈਨ) 'ਤੇ ਵੀ ਗੱਲ ਕਰ ਸਕਦੇ ਹੋ। ਉਨ੍ਹਾਂ ਦਾ ਫੋਨ ਨੰਬਰ ਹੈ: ***1-800-563-0808*** .

### ਪੁਲਿਸ ਨੂੰ ਫੋਨ ਕਰੋ:

ਜੇਕਰ ਤੁਹਾਡਾ ਪਤੀ ਤੁਹਾਨੂੰ ਮਾਰਦਾ ਹੈ ਜਾਂ ਧਮਕੀ ਦਿੰਦਾ ਹੈ ਤਾਂ ਪੁਲਿਸ ਤੁਹਾਡੀ ਮਦਦ ਕਰ ਸਕਦੀ ਹੈ।

- ਪੁਲਿਸ ਤੁਹਾਨੂੰ ਘਰ ਛੱਡਣ ਲਈ ਮਦਦ ਕਰ ਸਕਦੀ ਹੈ। ਉਹ ਤੁਹਾਨੂੰ ਟਰਾਂਜ਼ਿਸ਼ਨ ਹਾਊਸ ਵਿਚ ਲੈ ਕੇ ਜਾਣ ਦੀ ਮਦਦ ਕਰ ਸਕਦੇ ਹਨ।
- ਪੁਲਿਸ ਤੁਹਾਡੇ ਪਤੀ ਨੂੰ ਗ੍ਰਿਫਤਾਰ ਕਰ ਸਕਦੀ ਹੈ।



### ਕਿਸੇ ਡਾਕਟਰ ਨੂੰ ਮਿਲੋ

ਜੇਕਰ ਤੁਹਾਡੇ ਸੱਟ ਲੱਗੀ ਹੈ ਤਾਂ ਕਿਸੇ ਡਾਕਟਰ ਜਾਂ ਕਿਸੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿਚ ਜਾਓ। ਡਾਕਟਰ ਨੂੰ ਦੱਸੋ ਕਿ ਕੀ ਹੋਇਆ ਹੈ। ਤੁਸੀਂ ਡਾਕਟਰ ਨੂੰ ਰਿਪੋਰਟ ਤਿਆਰ ਕਰਨ ਲਈ ਆਖ ਸਕਦੇ ਹੋ। ਇਹ ਰਿਪੋਰਟ ਤੁਹਾਡੇ ਸੱਟ ਲੱਗਣ ਦਾ ਪ੍ਰਮਾਣ ਜਾਂ ਸਬੂਤ ਹੈ। ਜੇਕਰ ਤੁਸੀਂ ਅਦਾਲਤ ਵਿਚ ਜਾਣ ਦਾ ਫੈਸਲਾ ਕਰਦੇ ਹੋ ਤਾਂ ਇਹ ਰਿਪੋਰਟ ਉੱਥੇ ਤੁਸੀਂ ਸਬੂਤ ਦੇ ਤੌਰ 'ਤੇ ਵਰਤ ਸਕਦੇ ਹੋ।



### ਤੁਸੀਂ ਟ੍ਰਾਜ਼ਿਸ਼ਨ ਹਾਊਸ ਜਾਓ!

ਟਰਾਂਜ਼ਿਸ਼ਨ ਹਾਊਸ ਦੁਰਵਿਵਹਾਰ-ਗ੍ਰਸਤ ਇਸਤਰੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸੁਰੱਖਿਅਤ ਸਥਾਨ ਹਨ। ਬੀ.ਸੀ. ਪ੍ਰਾਂਤ ਦੇ ਬਹੁਤ ਸਾਰੇ ਭਾਗਾਂ ਵਿਚ ਇਹ ਸਥਾਨ ਬਣੇ ਹੋਏ ਹਨ। ਇਨ੍ਹਾਂ ਵਿਚ ਜਾ ਕੇ ਰਹਿਣ ਲਈ ਪੈਸੇ ਜਾਂ ਫੀਸ ਦੀ ਲੋੜ ਨਹੀਂ ਹੈ। ਤੁਹਾਨੂੰ ਖਾਣ ਲਈ ਭੋਜਨ, ਰਹਿਣ ਲਈ ਕਮਰਾ ਅਤੇ ਡਾਕਟਰੀ ਸਹਾਇਤਾ ਮੁਫ਼ਤ ਮਿਲਦੀ ਹੈ। ਤੁਹਾਨੂੰ ਉਚਿਤ ਸਲਾਹ-ਮਸ਼ਵਰੇ ਵੀ ਮਿਲ ਸਕਦੇ ਹਨ ਅਤੇ ਤੁਹਾਡੀ ਬੋਲੀ ਬੋਲਣ ਵਾਲੇ ਵਿਅਕਤੀ ਦਾ ਵੀ ਪ੍ਰਬੰਧ ਕੀਤਾ ਜਾਏਗਾ।

ਕਰਾਈਸਿਸ ਲਾਈਨ ਉੱਤੇ ਗੱਲ ਕਰਕੇ ਇਨ੍ਹਾਂ ਨਿਵਾਸ ਸਥਾਨਾਂ ਬਾਰੇ ਸੂਚਨਾ ਲਈ ਜਾ ਸਕਦੀ ਹੈ।

### ਤੁਸੀਂ ਵਕੀਲ ਨਾਲ ਸਲਾਹ ਕਰ ਸਕਦੇ ਹੋ

ਤੁਸੀਂ ਵਕੀਲ ਨਾਲ ਸਲਾਹ-ਮਸ਼ਵਰਾ ਕਰ ਸਕਦੇ ਹੋ। ਉਹ ਤੁਹਾਨੂੰ ਤੁਹਾਡੇ ਕਾਨੂੰਨੀ ਅਧਿਕਾਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ।

ਪੀਲੇ ਪੰਨਿਆਂ ਵਾਲੀ ਫੋਨ ਬੁੱਕ ਵਿਚੋਂ 'ਵਕ਼ੀਲ' ਸਿਰਲੇਖ (ਸ਼ੀਰਸ਼ਕ) ਹੇਠਾਂ ਪੜ੍ਹੋ। ਤੁਸੀਂ ਇਕ ਬੜਾ ਸਾਰ੍ਹ ਇਸ਼ਤਿਹਾਰ ਦੇਖੋਗੇ ਜਿਸ ਵਿਚ ਲਿਖਿਆ ਹੋਇਆ ਹੈ, 'ਕਾਨੂੰਨੀ ਸਮੱਸਿਆਵਾਂ?' ਇਸ ਵਿਚ ਤੁਹਾਡੀ ਲੀਗਲ ਸਰਵਿਸਿਜ਼ ਸੁਸਾਇਟੀ ਦਾ ਫੋਨ ਨੰਬਰ ਹੋਵੇਗਾ। ਇਸ ਸੰਸਥਾ ਦੇ ਵਕੀਲ ਤੁਹਾਨੂੰ ਯੋਗ ਸਹਾਇਤਾ ਜਾਂ ਨਸੀਹਤ ਮੁਫ਼ਤ ਦੇਣਗੇ।

## ਬੱਚਿਆਂ ਲਈ ਸਹਾਇਤਾ



ਬਹੁਤ ਸਾਰੇ ਬੱਚੇ ਘਰ ਹੁੰਦੇ ਹਨ ਜਦੋਂ ਉਨ੍ਹਾਂ ਦੀਆਂ ਮਾਵਾਂ ਨਾਲ ਦੁਰਵਿਵਹਾਰ ਹੁੰਦਾ ਹੈ। ਉਹ ਮਾਰ-ਕੁਟਾਈ ਹੁੰਦੀ ਵੀ ਦੇਖਦੇ ਹਨ ਤੇ ਚੀਕ-ਚਿਹਾੜਾ ਵੀ ਸੁਣਦੇ ਹਨ। ਬੱਚਿਆਂ ਦੇ ਮਾਪੇ ਉਨ੍ਹਾਂ ਨਾਲ ਵੀ ਦੁਰਵਿਵਹਾਰ ਕਰ ਸਕਦੇ ਹਨ। ਅਜਿਹੇ ਬੱਚਿਆਂ ਨੂੰ ਸਹਾਇਤਾ ਦੀ ਲੋੜ ਹੁੰਦੀ ਹੈ।

ਤੁਸੀਂ ਬੱਚਿਆਂ ਦੀ ਸਹਾਇਤਾ ਵਾਲੀ ਟੈਲੀਫੋਨ ਲਾਈਨ 'ਤੇ ਫੋਨ ਕਰ ਸਕਦੇ ਹੋ। **310-1234/ 1-800-663-9122** । ਇਹ ਫੋਨ 24 ਘੰਟੇ ਖੁੱਲ੍ਹਾ ਰਹਿੰਦਾ ਹੈ। ਇਥੇ ਕੋਈ ਤੁਹਾਡੀ ਸਹਾਇਤਾ ਕਰਨ ਦਾ ਯਤਨ ਕਰੇਗਾ।

## ਮਰਦ ਵੀ ਸਹਾਇਤਾ ਲੈ ਸਕਦੇ ਹਨ



ਮਰਦ ਆਪਣੀ ਹਿੰਸਾ ਦਾ ਦੋਸ਼ ਦੂਸਰੇ ਲੋਕਾਂ ਜਾਂ ਹੋਰਨਾਂ ਗੱਲਾਂ ਸਿਰ ਮੜ੍ਹਦੇ ਹਨ। ਉਦਾਹਰਣ ਵਜੋਂ 'ਇਸ ਵਿਚ ਮੇਰਾ ਕੋਈ ਕਸੂਰ ਨਹੀਂ। ਮੇਰੀ ਪਤਨੀ ਨੇ ਹੀ ਮੈਨੂੰ ਗੁੱਸਾ ਚੜ੍ਹਾਇਆ ਸੀ।'

ਦੁਰਵਿਵਹਾਰ ਕਰਨ ਲਈ ਕੋਈ ਬਹਾਨਾ ਨਹੀਂ ਚੱਲ ਸਕਦਾ। ਦੁਰਵਿਵਹਾਰ ਕਰਨ ਵਾਲੇ ਮਰਦਾਂ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਉਹ ਹਿੰਸਕ ਕਿਉਂ ਹੋ ਜਾਂਦੇ ਹਨ? ਉਨ੍ਹਾਂ ਨੂੰ ਵਰਤਾਓ ਕਰਨ ਦੇ ਦੂਸਰੇ ਤਰੀਕੇ ਵੀ ਸਿਖਣੇ ਚਾਹੀਦੇ ਹਨ।

ਜੇਕਰ ਤੁਹਾਨੂੰ ਅਜਿਹੀ ਸਹਾਇਤਾ ਦੀ ਲੋੜ ਹੈ ਤਾਂ ਆਪਣੇ ਸਥਾਨਕ ਮਾਨਸਿਕ ਸਿਹਤ ਸੇਵਾਵਾਂ ਨੂੰ ਫੋਨ ਕਰੋ। ਨੀਲੇ ਪੰਨਿਆਂ ਵਿਚ 'ਬੀ.ਸੀ. ਮਨਿਸਟਰੀ ਆਫ ਹੈਲਥ' ਦੇ ਅਧੀਨ ਦੇਖੋ।

## ਦੁਰਵਿਵਹਾਰ ਗ੍ਰਸਤ ਬਜ਼ੁਰਗਾਂ ਲਈ ਸਹਾਇਤਾ



ਕੁਝ ਬਾਲਗ ਬੱਚੇ ਆਪਣੇ ਮਾਪਿਆਂ ਨਾਲ ਦੁਰਵਿਵਹਾਰ ਕਰਦੇ ਹਨ। ਕਨੇਡਾ ਵਿਚ ਹਰ 25 ਬਜ਼ੁਰਗਾਂ ਵਿਚੋਂ ਇਕ ਨਾਲ ਉਸ ਦੇ ਆਪਣੇ ਹੀ ਪਰਿਵਾਰ ਦੇ ਕਿਸੇ ਮੈਂਬਰ ਦੁਆਰਾ ਦੁਰਵਿਵਹਾਰ ਕੀਤਾ ਜਾਂਦਾ ਹੈ।

ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣੂ ਨੂੰ ਅਜਿਹੀ ਸਹਾਇਤਾ ਦੀ ਲੋੜ ਹੋਵੇ ਤਾਂ ਵਿਕਟਿਮ ਇਨਫਰਮੇਸ਼ਨ ਲਾਈਨ 'ਤੇ ਗੱਲ ਕਰੋ। ਇਹ ਫੋਨ ਨੰਬਰ ਹੈ: ***1-800-563-0808***

VANCOUVER & LOWER MAINLAND MULTICULTURAL FAMILY SUPPORT SERVICES SOCIETY

**Funding for this supplement was provided by the Legal Services Society of B.C.**

**Special thanks to English Express, Alberta, The Ontario Times and Welcome News, Manitoba for permission to adapt some of their material on wife abuse.**

**Editor:** Joan Acosta
**Consultants:** Penny Goldsmith, Carol Mceown, Esther Shannon, Legal Services Society of B.C.
**Translated by:** Vancouver & Lower Mainland Multicultural Family Support Services